Tender Heart High School Sec - 33 B chd 15.4.24
Class - 8 Pbi. Lang Page - 1
Ramandeep Kaur

# 7. ਵਿਸਾਖੀ

**ਜਾਣ-ਪਛਾਣ :** ਵਿਸਾਖੀ ਸਾਡਾ ਕੌਮੀ ਤਿਉਹਾਰ ਹੈ। ਇਹ ਸਾਰੇ ਭਾਰਤ ਵਿੱਚ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿੱਚ ਬੜੇ ਉਤਸ਼ਾਹ ਨਾਲ਼ ਮਨਾਇਆ ਜਾਂਦਾ ਹੈ। ਇਹ ਤਿਉਹਾਰ ਪਹਿਲੀ ਵਸਾਖ ਅਥਵਾ ਆਮ ਤੌਰ 'ਤੇ 13 ਅਪਰੈਲ ਨੂੰ ਆਉਂਦਾ ਹੈ। ਇਸ ਦਾ ਸੰਬੰਧ ਮੂਲ ਰੂਪ ਵਿੱਚ ਕਣਕ ਦੀ ਫ਼ਸਲ ਨਾਲ਼ ਹੈ।

**ਕਣਕ ਦੀ ਕਟਾਈ :** ਵਿਸਾਖੀ ਕਿਸਾਨਾਂ ਦਾ ਤਿਉਹਾਰ ਹੈ। ਇਸ ਦਿਨ ਕਿਸਾਨ ਕਣਕ ਦੀ ਫ਼ਸਲ ਦੀ ਕਟਾਈ ਸ਼ੁਰੂ ਕਰਦੇ ਹਨ। ਇਸ ਨੂੰ ਵਾਢੀ ਕਿਹਾ ਜਾਂਦਾ ਹੈ। ਜੇਕਰ ਬੇਮੌਸਮੀ ਬਰਖਾ ਕਾਰਨ ਵਿਸਾਖੀ ਤੱਕ ਕਣਕ ਪੂਰੀ ਤਰ੍ਹਾਂ ਨਾ ਪੱਕੇ ਤਾਂ ਵੀ ਕਣਕ ਦੀ ਫ਼ਸਲ ਦੀ ਕਟਾਈ ਦੀ ਰਸਮ ਕੀਤੀ ਜਾਂਦੀ ਹੈ। ਇਸ ਦਿਨ ਕਿਸਾਨ ਖ਼ੁਸ਼ੀ ਵਿੱਚ ਭੰਗੜਾ ਪਾਉਂਦੇ ਅਤੇ ਗਾਉਂਦੇ ਹਨ :

ਜੱਟਾ ਆਈ ਵਿਸਾਖੀ।
ਕਣਕਾਂ ਦੀ ਮੁੱਕ ਗਈ ਰਾਖੀ।

**ਮੌਸਮੀ ਤਿਉਹਾਰ :** ਵਿਸਾਖੀ ਇੱਕ ਮੌਸਮੀ ਤਿਉਹਾਰ ਹੈ। ਵਿਸਾਖੀ ਤੋਂ ਬਾਅਦ ਤਾਂ ਗਰਮੀ ਸਿਖਰ 'ਤੇ ਪਹੁੰਚ ਜਾਂਦੀ ਹੈ।

Class - 8 15.4.24 Ramandeep Kaur

**ਇਤਿਹਾਸਿਕ ਮਹੱਤਵ :** ਵਿਸਾਖੀ ਵਿਸ਼ੇਸ਼ ਤੌਰ 'ਤੇ ਖੇਤੀ ਨਾਲ਼ ਸੰਬੰਧਿਤ ਤਿਉਹਾਰ ਹੈ। ਪਰ ਇਸ ਨਾਲ਼ ਇਤਿਹਾਸਿਕ ਘਟਨਾਵਾਂ ਵੀ ਜੁੜ ਗਈਆਂ ਹਨ। ਇਸ ਲਈ ਇਸ ਤਿਉਹਾਰ ਦਾ ਇਤਿਹਾਸਿਕ ਮਹੱਤਵ ਵੀ ਹੈ।

**ਖ਼ਾਲਸੇ ਦੀ ਸਾਜਨਾ :** 1699 ਈ. ਦੀ ਵਿਸਾਖੀ ਵਾਲ਼ੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸੇ ਦੀ ਸਾਜਨਾ ਕੀਤੀ। ਗੁਰੂ ਜੀ ਨੇ ਕੌਮ ਅਤੇ ਧਰਮ ਲਈ ਕੁਰਬਾਨੀ ਦੀ ਭਾਵਨਾ ਦੀ ਪਰੀਖਿਆ ਲੈ ਕੇ ਪੰਜ ਪਿਆਰਿਆਂ ਦੀ ਚੋਣ ਕੀਤੀ। ਇਹਨਾਂ ਦਾ ਸੰਬੰਧ ਵੱਖ-ਵੱਖ ਜਾਤਾਂ ਨਾਲ਼ ਸੀ। ਗੁਰੂ ਜੀ ਨੇ ਇਹਨਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਇਹਨਾਂ ਤੋਂ ਆਪ ਛਕਿਆ। ਇਸ ਤਰ੍ਹਾਂ ਉਹਨਾਂ 'ਆਪੇ ਗੁਰ ਚੇਲਾ' ਦੇ ਮਹਾਂਵਾਕ ਨੂੰ ਸੱਚ ਸਾਬਤ ਕੀਤਾ। ਇਹਨਾਂ ਪੰਜ ਪਿਆਰਿਆਂ ਦੇ ਰੂਪ ਵਿੱਚ ਖ਼ਾਲਸੇ ਦਾ ਜਨਮ ਹੋਇਆ ਜੋ ਸਿੰਘ ਅਖਵਾਏ।

**ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ :** ਵਿਸਾਖੀ ਦੇ ਤਿਉਹਾਰ ਨਾਲ਼ ਇੱਕ ਦੁਖਾਂਤਿਕ ਘਟਨਾ ਵੀ ਜੁੜੀ ਹੋਈ ਹੈ। ਇਹ 1919 ਈ. ਦੀ ਵਿਸਾਖੀ ਦੀ ਗੱਲ ਹੈ। ਜਲ੍ਹਿਆਂ ਵਾਲ਼ੇ ਬਾਗ਼ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਅੰਗਰੇਜ਼ਾਂ ਦੇ ਜ਼ੁਲਮ ਵਿਰੁੱਧ ਰੋਸ ਪ੍ਰਗਟ ਕਰਨ ਲਈ ਲੋਕ ਇਕੱਠੇ ਹੋਏ ਸਨ। ਉਹਨਾਂ 'ਤੇ ਗੋਲੀਆਂ ਦੀ ਬਰਖਾ ਕੀਤੀ ਗਈ। ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਸ਼ਹੀਦ ਹੋਏ। ਜਲ੍ਹਿਆਂ ਵਾਲ਼ੇ ਬਾਗ਼ ਵਿੱਚ ਇਹਨਾਂ ਗੁੰਮਨਾਮ ਸ਼ਹੀਦਾਂ ਦੀ ਇੱਕ ਯਾਦਗਾਰ ਬਣਾਈ ਗਈ ਹੈ।

**ਇਸ਼ਨਾਨ ਦਾ ਮਹੱਤਵ :** ਵਿਸਾਖੀ ਵਾਲ਼ੇ ਦਿਨ ਪਵਿੱਤਰ ਸਰੋਵਰਾਂ ਜਾਂ ਨਦੀਆਂ ਵਿੱਚ ਇਸ਼ਨਾਨ ਕਰਨ ਦਾ ਵਿਸ਼ੇਸ਼ ਮਹੱਤਵ ਹੈ। ਇਸ ਦਿਨ ਲੋਕ ਦੂਰ-ਦੂਰ ਤੋਂ ਸ੍ਰੀ ਹਰਿਮੰਦਰ ਸਾਹਿਬ ਪੁੱਜਦੇ ਹਨ ਅਤੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ।

**ਵੱਖ-ਵੱਖ ਥਾਂਵਾਂ 'ਤੇ ਲੱਗਦੇ ਮੇਲੇ :** ਵਿਸਾਖੀ ਵਾਲ਼ੇ ਦਿਨ ਵੱਖ-ਵੱਖ ਥਾਂਵਾਂ 'ਤੇ ਮੇਲੇ ਵੀ ਲੱਗਦੇ ਹਨ। ਲੋਕ ਦੂਰ-ਨੇੜੇ ਲੱਗਦੇ ਮੇਲਿਆਂ ਵਿੱਚ ਸ਼ਾਮਲ ਹੁੰਦੇ ਹਨ।

**ਸਾਰਾਂਸ਼ :** ਵਿਸਾਖੀ ਖ਼ੁਸ਼ੀਆਂ ਭਰਿਆ ਮੌਸਮੀ ਤਿਉਹਾਰ ਹੈ। ਇਸ ਤੋਂ ਸਾਨੂੰ ਆਪਣੀ ਅਜ਼ਾਦੀ ਦੀ ਰੱਖਿਆ ਦਾ ਪ੍ਰਣ ਲੈਣਾ ਚਾਹੀਦਾ ਹੈ।